# ਭਾਅ ਜੀ ਦੀ ਜੀਵਨ ਸਾਥਣ ਨਾਲ ਇਕ ਮੁਲਾਕਾਤ

ਸ਼ਬਦੀਸ਼

*ਸ. ਗੁਰਸ਼ਰਨ ਸਿੰਘ ਸੰਘਰਸ਼ਸ਼ੀਲ ਪੰਜਾਬੀ ਕੌਮੀਅਤ ਦੇ ਮਹਾਂ-ਨਾਇਕ ਸਨ। ਇਸ ਹਕੀਕਤ ਦੀ ਗਵਾਹੀ ਭਰਨ ਵਾਲੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਹਨ, ਤਾਂ ਵੀ ਉਨ੍ਹਾਂ ਦੀ ਸੁਪਤਨੀ ਕੈਲਾਸ਼ ਕੌਰ, ਜਿਨ੍ਹਾਂ ਨੂੰ ਸਭਨਾਂ ਵੱਲੋਂ ਸ. ਗੁਰਸ਼ਰਨ ਸਿੰਘ ਨੂੰ 'ਭਾਅ ਜੀ' ਕਹਿਣ ਵਾਂਗ ਹੀ ਤਮਾਮ ਲੋਕ 'ਭਾਬੀ ਜੀ' ਆਖਦੇ ਹਨ, ਇਕਲੌਤੇ ਗਵਾਹ ਹਨ, ਜਿਨ੍ਹਾਂ ਨੂੰ ਅਸੀਂ ਭਾਅ ਜੀ ਦੇ ਨਾਇਕਤਵ ਦੀ ਉਸਾਰੀ ਦੇ ਸਭ ਦੇ ਵੱਧ ਭਰੋਸੇਯੋਗ ਚਸ਼ਮਦੀਦ ਗਵਾਹ ਵਜੋਂ ਵੇਖ ਸਕਦੇ ਹਾਂ। ਉਹ 31 ਮਈ, 1959 ਤੋਂ 'ਏਕ ਜੋਤਿ ਦੋਇ ਮੂਰਤੀ' ਦੀ ਤਰ੍ਹਾਂ ਵਿਚਰਦੇ ਰਹੇ ਹਨ। ਹਾਲਾਂਕਿ ਭਾਬੀ ਜੀ ਸ. ਗੁਰਸ਼ਰਨ ਸਿੰਘ ਦੇ ਸਿਆਸੀ-ਸਮਾਜੀ ਸਰੋਕਾਰਾਂ ਦੀ ਸ਼ਲਾਘਾ ਤੱਕ ਹੀ ਸੀਮਤ ਰਹੇ ਹਨ, ਇਨ੍ਹਾਂ ਪ੍ਰਤੀ ਕੋਈ ਵੱਖਰੀ ਤੇ ਕਾਟਵੀਂ ਰਾਇ ਰੱਖਣ ਵਾਲੇ ਕਦੇ ਨਹੀਂ ਰਹੇ ਤੇ ਨਾ ਹੀ ਉਸ ਕਿਸਮ ਦੇ ਸੰਵਾਦ ਦੀ ਸਥਿਤੀ ਵਿਚ ਰਹੇ ਹਨ, ਜਿਸ ਕਿਸਮ ਦਾ ਸੰਵਾਦ ਉਨ੍ਹਾਂ ਦੀਆਂ ਸਿਆਸੀ-ਸਮਾਜੀ ਸੋਝੀ ਪੱਖੋਂ ਸੁਚੇਤ ਧੀਆਂ ਛੇੜਦੀਆਂ ਰਹੀਆਂ ਹਨ।*

*ਇਹ ਮੁਲਾਕਾਤ ਕਦੇ ਨਾ ਹੁੰਦੀ, ਜੇ ਡਾ. ਅਨੂਪ ਸਿੰਘ ਸਬਰ-ਸੰਤੋਖ ਰੱਖਦੇ ਹੋਏ ਲਗਾਤਾਰ ਜ਼ੋਰ ਨਾ ਦੇ ਰਹੇ ਹੁੰਦੇ। ਉਹ ਮੇਰੇ ਟਾਲਣ ਦੀ ਬਿਰਤੀ ਨੂੰ ਵੀ ਮੇਰੇ ਰੁਝੇਵੇਂ ਤਸਲੀਮ ਕਰਦੇ ਰਹੇ ਤੇ ਵਾਰ-ਵਾਰ 'ਮੇਰੀ ਬੇਨਤੀ ਹੈ' ਸ਼ਬਦ ਤੋਂ ਗੱਲ ਤੋਰਦੇ ਰਹੇ। ਮੇਰੀ ਝਿਜਕ ਵੀ ਬੇ-ਵਜ੍ਹਾ ਨਹੀਂ ਸੀ। ਮੈਂ ਬੀਤੇ 15-16 ਸਾਲਾਂ ਤੋਂ ਭਾਬੀ ਜੀ ਨੂੰ ਮਿਲਦਾ-ਗਿਲਦਾ ਆ ਰਿਹਾ ਹਾਂ ਤੇ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ ਕਿ ਉਹ ਮੀਡੀਆ ਨਾਲ ਮੁਲਾਕਾਤ ਤੋਂ ਸਦਾ ਗੁਰੇਜ਼ ਕਰਦੇ ਆ ਰਹੇ ਹਨ। ਇਕ ਤਾਂ ਉਹ ਸ. ਗੁਰਸ਼ਰਨ ਸਿੰਘ ਦੇ ਜੀਵਨ-ਸੰਘਰਸ਼ ਵਿਚ ਆਪਣੇ ਯੋਗਦਾਨ ਨੂੰ 'ਮੁੱਖ ਸੇਵਾਦਾਰ' ਤਸੱਵੁਰ ਕਰਦੇ ਆ ਰਹੇ ਹਨ, ਦੂਜਾ ਉਨ੍ਹਾਂ ਨੂੰ ਮੀਡੀਆ ਨਾਲ ਸ਼ਿਕਾਇਤ ਰਹੀ ਹੈ ਕਿ ਉਹ ਆਖੀ ਗਈ ਗੱਲ ਨੂੰ ਆਪਣੀ ਸਵੈ-ਇੱਛਾ ਨਾਲ ਤੋੜਦਾ-ਮਰੋੜਦਾ ਰਹਿੰਦਾ ਹੈ। ਹੁਣ ਵੀ ਜਦੋਂ ਗੱਲ ਤੋਰੀ ਗਈ ਤਾਂ ਉਨ੍ਹਾਂ ਆਪਣੇ 'ਬਿਟਰ ਐਕਸਪੀਰੀਐਂਸ' ਦਾ ਜ਼ਿਕਰ ਛੇੜ ਹੀ ਲਿਆ।*

**ਕੈਲਾਸ਼ ਕੌਰ :** ਮੈਂ ਤੁਹਾਡੀ ਗੱਲ ਨਹੀਂ ਕਰ ਰਹੀ ਤੇ ਨਾ ਤੁਹਾਡੇ ਤੋਂ ਅਜਿਹਾ ਹੋ ਜਾਣ ਦਾ ਖ਼ਦਸ਼ਾ ਹੈ, ਤਾਂ ਵੀ ਮੇਰਾ ਅਖ਼ਬਾਰਾਂ-ਸ਼ਬਾਰਾਂ ਵਾਲਿਆਂ ਨਾਲ ਬਿਟਰ ਐਕਸਪੀਰੀਐਂਸ ਰਿਹਾ ਹੈ। ਮੈਂ ਕਦੇ ਵੀ ਕੋਸ਼ਸ਼ ਨਹੀਂ ਕੀਤੀ ਕਿ ਅੱਗੇ ਹੋ ਕੇ ਤੁਹਾਡੇ ਭਾਅ ਜੀ ਦੇ ਕੰਮ ਦੀ ਸ਼ਲਾਘਾ/ਗੱਲਾਂ ਕਰਾਂ। ਉਹ ਆਪਣੇ ਕੰਮ ਬਾਰੇ ਬੜਾ ਸੋਚਦੇ-ਵਿਚਾਰਦੇ ਸਨ ਤੇ ਆਪਣੀ ਗੱਲ ਬਿਹਤਰ ਢੰਗ ਨਾਲ ਆਪ ਆਖ ਲੈਂਦੇ ਸਨ। ਸਾਨੂੰ ਉਹਦੇ ਵਿਚ ਕੁਝ ਜੋੜਨ ਦੀ ਲੋੜ

ਹੀ ਕੋਈ ਨਹੀਂ ਸੀ। ਫਿਰ ਵੀ ਕਈ ਜ਼ਿਦ ਕਰ ਲੈਂਦੇ ਕਿ ਤੁਸੀਂ ਵੀ ਕੁਝ ਜ਼ਰੂਰ ਆਖੋ ਜਾਂ ਕਈ ਵਾਰ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਆਏ ਲੋਕਾਂ ਨਾਲ ਕੋਈ ਗੱਲ ਕਰਨੀ ਹੀ ਪੈ ਜਾਂਦੀ। ਇਹ ਲੋਕ ਆਪਣੀ ਮਨਮਰਜ਼ੀ ਨਾਲ ਛਾਪ ਦਿੰਦੇ। ਇਹਦੀ ਲੇਟੈਸਟ ਮਿਸਾਲ ਸੰਗੀਤ ਨਾਟਕ ਅਕਾਦਮੀ ਸਨਮਾਨ ਮਿਲਣ ਦੀ ਹੈ। ਜਿਸ ਦਿਨ ਸਨਮਾਨ ਦੀ ਅਨਾਊਂਸਮੈਂਟ ਹੋਈ, ਪੱਤਰਕਾਰ ਆਏ। ਉਨ੍ਹਾਂ ਆਉਣਾ ਹੀ ਸੀ, ਪਰ ਤੁਹਾਡੇ ਭਾਅ ਜੀ ਆਪਣੇ ਰੋਜ਼ਮਰ੍ਹਾ ਦੇ ਪ੍ਰੋਗਰਾਮਾਂ ਦੀ ਮਸਰੂਫ਼ੀਅਤ ਮੁਤਾਬਕ ਘਰੋਂ ਬਾਹਰ ਸਨ। ਉਹ ਆਏ ਤੇ ਭਾਅ ਜੀ ਬਾਰੇ ਪੁੱਛਣ ਲੱਗੇ। ਮੈਂ ਕਿਹਾ– 'ਉਹ ਤਾਂ ਘਰ ਨਹੀਂ ਹਨ।' ਉਨ੍ਹਾਂ ਕਿਹਾ– 'ਅੱਜ ਦੇ ਦਿਨ ਵੀ ਘਰ ਨਹੀਂ ਹਨ...?' ਉਹਨੇ ਇਸਨੂੰ ਇਉਂ ਪੇਸ਼ ਕੀਤਾ, ਜਿਵੇਂ ਕਿਹਾ ਹੋਵੇ, ਇਹ ਕੋਈ ਘਰੇ ਬਹਿ ਕੇ ਥੋੜ੍ਹੇ ਮਿਲ ਗਿਆ ਹੈ...! ਕੀ ਦਾ ਕੀ ਬਣਾ ਦਿੱਤਾ...! ਮੈਂ ਇਸੇ ਗੱਲੋਂ ਮੀਡੀਆ ਨਾਲ ਗੱਲਬਾਤ ਤੋਂ ਗੁਰੇਜ਼ ਕਰਦੀ ਰਹੀ ਆਂ। ਦੂਜੀ ਵੱਡੀ ਗੱਲ ਏਹੀ ਰਹੀ ਐ ਕਿ ਤੁਹਾਡੇ ਭਾਅ ਜੀ ਸਭ ਕੁਝ ਸਨ, ਮੇਰਾ ਕੋਈ ਬਹੁਤ ਵੱਡਾ ਰੋਲ ਨਹੀਂ ਸੀ, ਉਨ੍ਹਾਂ ਨੂੰ ਬਣਾਉਣ ਵਿਚ।

*ਮੇਰੀ ਗੱਲਬਾਤ ਦਾ ਮਕਸਦ ਬਹੁਤ ਹੀ ਸੀਮਤ ਹੈ ਭਾਬੀ ਜੀ...ਭਾਅ ਜੀ ਦੀ ਸ਼ਖ਼ਸੀਅਤ ਏਨੀ ਵੱਡੀ ਸੀ ਕਿ ਹਰ ਕੋਈ ਆਪਣੇ ਹਿੱਸੇ ਦੇ ਭਾਅ ਜੀ ਗੱਲ ਕਰ ਸਕਦਾ ਹੈ, ਮੈਂ ਵੀ...ਮੈਂ ਤੁਹਾਡੇ ਕੋਲੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਤੁਹਾਡੇ ਲਈ ਭਾਅ ਜੀ ਕੀ ਸਨ?*


**ਕੈਲਾਸ਼ ਕੌਰ** : ਮੇਰੀ ਲਈ ਤਾਂ ਸਭ ਕੁਝ ਹੀ ਸਨ।

*ਉਹ ਤਾਂ ਸਹੀ ਹੈ ਭਾਬੀ ਜੀ, ਪਰ ਮੇਰਾ ਮਕਸਦ ਏਨੇ ਸੰਖੇਪ ਜਵਾਬ ਨਾਲ ਹੱਲ ਨਹੀਂ ਹੁੰਦਾ। ਫਿਰ ਮੇਰਾ ਮਕਸਦ ਕੋਈ, ਮੇਰਾ ਆਪਣਾ ਹੀ ਨਹੀਂ ਹੈ। ਮੇਰੀ ਇੱਛਾ ਤਾਂ ਇਹ ਹੈ ਕਿ ਤੁਸੀਂ ਸਾਡੇ ਕੋਲ ਇਕੱਲੇ ਹੋ, ਜਿਨ੍ਹਾਂ ਦਾ ਸਾਡੇ ਭਾਅ ਜੀ ਨਾਲ ਸਭ ਤੋਂ ਲੰਮਾ ਸਾਥ ਰਿਹਾ ਹੈ। ਤੁਸੀਂ ਉਨ੍ਹਾਂ ਨਾਲ ਮੰਚ ਉਤੇ ਵੀ ਰਹੇ ਹੋ ਤੇ ਸਭ ਤੋਂ ਅਹਿਮ ਗੱਲ, ਤੁਸੀਂ ਘਰ-ਬਾਹਰ ਮੰਚ ਤੋਂ ਵੱਖਰੀ ਤੇ ਅਸਲੀ ਦੁਨੀਆਂ ਵਿਚ ਵੇਖਿਆ ਹੈ, ਜਾਣਿਆ ਹੈ, ਜਿੱਥੇ ਅਦਾਕਾਰੀ ਨਹੀਂ ਹੁੰਦੀ, ਕੋਈ ਸਕ੍ਰਿਪਟ ਨਹੀਂ ਹੁੰਦੀ ਸਗੋਂ ਜੀਵਨ ਹੁੰਦਾ ਹੈ, ਅਸਲੀ ਪਰਖ਼-ਪੜਚੋਲ ਦੀ ਸਹੀ ਕਸੌਟੀ। ਤੁਸੀਂ ਉਨ੍ਹਾਂ ਨੂੰ ਉਨ੍ਹਾਂ ਪਲਾਂ ਵਿਚ ਕਿਸ ਤਰ੍ਹਾਂ ਦਾ ਮਹਿਸੂਸ ਕੀਤਾ ਹੈ?*

**ਕੈਲਾਸ਼ ਕੌਰ** : ਮੇਰੀਆਂ ਧੀਆਂ ਅਕਸਰ ਆਖਦੀਆਂ– 'ਮੰਮਾ, ਤੁਸੀਂ ਬਹੁਤ ਲੱਕੀ ਓਂ। ਤੁਹਾਨੂੰ ਪਾਪਾ ਵਰਗੇ ਇਨਸਾਨ ਮਿਲੇ ਨੇ।' ਕਈ ਵਾਰ ਇਹ ਵੀ ਹੁੰਦਾ ਸੀ ਕਿ ਮੈਨੂੰ ਉਨ੍ਹਾਂ ਦੀ ਕੋਈ ਗੱਲ ਚੰਗੀ ਨਹੀਂ ਸੀ ਲੱਗਦੀ, ਉਹ ਓਦੋਂ ਆਖਦੀਆਂ ਸਨ– 'ਕੋਈ ਨਾ ਮੰਮਾ, ਤੁਸੀਂ ਆਪ ਈ ਵਿਗਾੜ ਰੱਖਿਆ।' ਮੈਂ ਆਖਦੀ– 'ਲੈ ਦੱਸ, ਮੈਂ ਕੀ ਵਿਗਾੜ ਰੱਖਿਆ?' ਇਹ ਆਖਦੀਆਂ– 'ਬਸ ਆਹੀ, ਪਾਪਾ ਖਿਲਾਰਾ ਪਾ ਜਾਂਦੇ ਆ, ਤੁਸੀਂ ਘਰ ਸਵਾਰਦੇ ਰਹਿੰਦੇ ਓਂ।' ਇਹ ਕੋਈ ਘਰ-ਪਰਿਵਾਰ ਦੇ ਮੁੱਦੇ ਮਸਲੇ ਨਹੀਂ ਸਨ, ਕਿਤਾਬਾਂ-ਅਖ਼ਬਾਰਾਂ ਜਾਂ ਮੈਗਜ਼ੀਨਾਂ ਦੇ ਖਿਲਾਰੇ ਦੀਆਂ ਗੱਲਾਂ ਸਨ। ਇਥੇ ਚੰਡੀਗੜ੍ਹ ਆ ਕੇ, ਘਰ ਛੋਟਾ ਸੀ,

# ਜ਼ਿੰਦਗੀ ਭਰ ਦਾ ਸਾਥ





ਝੱਟ ਖਿਲਾਰਾ ਪੈ ਜਾਂਦਾ ਸੀ। ਮੈਂ ਸਫਾਈ ਕਰਨ ਲਈ ਆਖਦੀ ਤਾਂ ਅਕਸਰ ਆਖਦੇ- 'ਇਹ ਸਫਾਈ ਮੇਰੇ ਜਾਣ ਤੋਂ ਬਾਅਦ ਨਹੀਂ ਹੋ ਸਕਦੀ?' ਬਸ ਆਖਦੇ ਹੀ ਸਨ। ਹੁੰਦੀ ਉਨ੍ਹਾਂ ਦੇ ਹੁੰਦਿਆਂ ਹੀ ਸੀ। ਉਹ ਉਹਦੇ ਹਿਸਾਬ ਨਾਲ ਆਪ ਅੱਗੇ-ਪਿੱਛੇ ਜਾਂ ਏਧਰ-ਓਧਰ ਹੋ ਪੜ੍ਹਦੇ ਰਹਿੰਦੇ ਸਨ। ਜਦੋਂ ਘਰ ਹੋਣ, ਏਹੀ ਸਭ ਤੋਂ ਵੱਡਾ ਕੰਮ ਸੀ, ਜਿਹੜਾ ਉਹ ਕਰਦੇ ਸਨ। ਤੁਹਾਨੂੰ ਤੁਹਾਡੇ ਸਵਾਲ ਦਾ ਜਵਾਬ ਮਿਲ ਰਿਹਾ ਨਾ...? ਮੈਂ ਬਹੁਤ ਗਹਿਰੀਆਂ ਗੱਲਾਂ ਨਹੀਂ ਕਰ ਸਕਦੀ। ਆਪਣੀ ਸਮਝਦਾਰੀ ਮੁਤਾਬਕ ਦੱਸੀ ਜਾਨੀ ਆਂ, ਤੁਸੀਂ ਆਪਣੇ ਹਿਸਾਬ ਨਾਲ ਵੇਖ ਲੈਣਾ।

*ਮਿਲ ਰਿਹਾ ਭਾਬੀ ਜੀ...ਮਿਲ ਕਿਉਂ ਨਹੀਂ ਰਿਹਾ....? ਬਾਕੀ ਤੁਸੀਂ ਚਿੰਤਾ ਨਾ ਕਰੋ...ਤੁਸੀਂ ਸ਼ਾਦੀ ਤੋਂ ਤੁਰੰਤ ਬਾਅਦ ਨੰਗਲ ਹੀ ਆ ਗਏ ਸੀ...? ਇਥੇ ਹੀ ਤੁਸੀਂ ਸ. ਗੁਰਸ਼ਰਨ ਸਿੰਘ ਦੇ ਨਾਟਕ ਦੀ ਦੁਨੀਆਂ ਵਿਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਅਦਾਕਾਰੀ ਵੱਲ ਕੋਈ ਝੁਕਾਅ ਸੀ...?*

**ਕੈਲਾਸ਼ ਕੌਰ** : ਕੋਈ ਬਹੁਤ ਜ਼ਿਆਦਾ ਨਹੀਂ ਸੀ। ਓਦੋਂ ਨਾਟਕ ਹੁੰਦਾ ਵੀ ਕਿੰਨਾ ਕੁ ਸੀ? ਕਦੇ-ਕਦਾਈਂ ਸਕਿੱਟਾਂ ਵਿਚ ਭਾਗ ਲੈ ਲੈਂਦੀ ਸਾਂ। ਐੱਸ. ਐੱਨ. ਦਾਸਗੁਪਤਾ ਕਾਲਜ ਦਿੱਲੀ ਵਿਚ 'ਨਵਾਂ ਚਾਨਣ' ਨਾਟਕ ਕੀਤਾ ਸੀ। ਜੇ ਮੈਂ ਭੁੱਲ ਨਹੀਂ ਰਹੀ ਤਾਂ ਇਥੇ ਨੰਗਲ ਵਿਚ, ਪਹਿਲਾ ਨਾਟਕ 'ਘੁੰਮਣਘੇਰੀ' ਸੀ। ਇਹ ਲੇਖਕ ਦੇ ਤੌਰ 'ਤੇ ਉਨ੍ਹਾਂ ਦਾ ਪਹਿਲਾ ਨਾਟਕ ਸੀ। ਉਨ੍ਹਾਂ ਨੇ ਅਦਾਕਾਰੀ ਤੇ ਨਿਰਦੇਸ਼ਨ ਦੀ ਸ਼ੁਰੂਆਤ ਸ. ਕਰਤਾਰ ਸਿੰਘ ਦੁੱਗਲ ਦੇ ਨਾਟਕ 'ਦੀਵਾ ਬੁਝ ਗਿਆ' ਤੋਂ ਕੀਤੀ ਸੀ। ਇਹ ਸਾਡੀ ਸ਼ਾਦੀ ਤੋਂ ਪਹਿਲਾਂ ਦੀ ਗੱਲ ਹੈ। ਇਸ ਦੇ ਬਾਅਦ ਵਾਲੇ ਸ਼ੋਅ ਵਿਚ ਮੈਂ ਵੀ ਕਸ਼ਮੀਰਨ ਔਰਤ ਦੀ ਭੂਮਿਕਾ ਨਿਭਾਈ ਸੀ। ਨੰਗਲ ਵਿਚ ਹੀ ਕ੍ਰਿਸ਼ਨ ਚੰਦਰ ਦੀ ਕਹਾਣੀ ਉੱਤੇ ਆਧਾਰਤ 'ਮੁੱਠੀ ਭਰ ਚਾਵਲ' ਕੀਤਾ ਸੀ। ਇਹ ਬੰਗਾਲ ਵਿਚ 'ਕਾਲ ਪੈਣ ਦੇ ਦੁਖਾਂਤ ਬਾਰੇ ਨਾਟਕ ਸੀ। ਜਦੋਂ ਇਹ ਨਾਟਕ ਅੰਮ੍ਰਿਤਸਰ ਵਿਚ ਕੀਤਾ ਤਾਂ ਮੇਰੇ ਵਾਲਾ ਰੋਲ ਜਤਿੰਦਰ ਕੌਰ ਨੇ ਨਿਭਾਇਆ ਸੀ। ਮੇਰੇ ਮੁੱਢਲੇ ਦਿਨਾਂ ਦੇ ਨਾਟਕਾਂ ਵਿਚ ਬਲਵੰਤ ਗਾਰਗੀ ਦਾ ਨਾਟਕ 'ਰਾਈ ਦਾ ਪਹਾੜ' ਵੀ ਸ਼ਾਮਲ ਹੈ। ਇਹ ਨਾਟਕ ਵੇਖ ਕੇ ਕਈ ਲੋਕ ਕਹਿ ਰਹੇ ਸਨ- 'ਬਈ ਗੁਰਸ਼ਰਨ ਸਿੰਘ ਦੀ ਬੀਵੀ ਤੇ ਬੜੀ ਲੜਾਕੀ ਔਰਤ ਲੱਗਦੀ ਐ...' (ਮੁਸਕਰਾ ਕੇ ਆਖਦੇ ਹਨ) ਮੇਰਾ ਕੀ ਸੀ ਉਹਦੇ ਵਿਚ...? ਇਹ ਰਾਈ ਦਾ ਪਹਾੜ ਤਾਂ ਬਲਵੰਤ ਗਾਰਗੀ ਨੇ ਬਣਾ ਰੱਖਿਆ ਸੀ। ਮੈਂ ਤਾਂ ਆਪਣੀ ਭੂਮਿਕਾ ਅਦਾ ਕੀਤੀ ਸੀ। ਸੋਚਦੀ ਹਾਂ, ਚੰਗੀ ਐਕਟਿੰਗ ਕੀਤੀ ਹੋਵੇਗੀ, ਤਾਂ ਹੀ ਤੇ ਲੋਕਾਂ ਨੇ ਕਿਹਾ ਸੀ- 'ਗੁਰਸ਼ਰਨ ਸਿੰਘ ਦੀ ਬੀਵੀ ਤੇ ਬੜੀ ਲੜਾਕੀ ਔਰਤ ਲੱਗਦੀ ਐ....'

*ਇਸ ਤੋਂ ਪਹਿਲਾਂ ਕਿ ਕੋਈ ਹੋਰ ਗੱਲ ਕਰੀਏ, ਤੁਸੀਂ ਉਹ ਕਿੱਸਾ ਸਾਂਝਾ ਕਰੋ, ਜਦੋਂ ਨਾਟਕ ਕਰਨ ਲਈ ਸਿਸਵਾਂ ਨਦੀ ਪਾਰ ਕੀਤੀ ਸੀ...*

**ਕੈਲਾਸ਼ ਕੌਰ** : 18 ਅਗਸਤ 1960 ਨੂੰ ਵੱਡੀ ਬੇਟੀ ਗੁੱਗੀ (ਡਾ. ਨਵਸ਼ਰਨ ਕੌਰ) ਦਾ ਜਨਮ ਹੋਇਆ ਸੀ। ਉਹ ਓਦੋਂ ਸਾਲ ਕੁ, ਹੱਦ ਸਵਾ ਸਾਲ ਦੀ ਹੋਵੇਗੀ। ਅਸੀਂ ਨੰਗਲ ਤੋਂ

ਪਟਿਆਲੇ ਆ ਰਹੇ ਸਾਂ। ਇਥੇ ਭਾਸ਼ਾ ਵਿਭਾਗ ਵੱਲੋਂ ਨਾਟਕਾਂ ਦਾ ਮੁਕਾਬਲਾ ਸੀ। ਸਾਡਾ ਨਾਟਕ ਸੀ 'ਘੁੰਮਣਘੇਰੀ'। ਇਹ ਖੇਡਣ ਜਾਂਦਿਆਂ ਮਾਨੋ ਘੁੰਮਣਘੇਰੀ ਵਿਚ ਹੀ ਫਸ ਗਏ। ਓਦੋਂ ਹੁਣ ਵਾਂਗ ਸੜਕਾਂ ਨਹੀਂ ਸਨ। ਜਿੱਥੇ ਮਾੜੀਆਂ-ਮੋਟੀਆਂ ਹੈ ਸਨ, ਉਥੇ ਵੀ ਨਦੀਆਂ-ਨਾਲ਼ਿਆਂ ਉੱਤੇ ਪੁਲ਼ ਨਹੀਂ ਸਨ। ਨੰਗਲ ਵਾਲੇ ਪਾਸੇ ਤਾਂ ਨਦੀਆਂ ਨਾਲ਼ਿਆਂ ਦਾ ਵੀ ਕੋਈ ਅੰਤ ਨਹੀਂ। ਹਰ ਤਰਫ਼ ਚੋਅ ਵਗਦੇ ਹਨ। ਅਸੀਂ ਪਟਿਆਲੇ ਜਾਣ ਲਈ ਜਾ ਰਹੇ ਸਾਂ ਕਿ ਰਸਤੇ ਵਿਚ ਸਿਸਵਾਂ ਨਦੀ ਆ ਗਈ। ਉਹਦੇ ਵਿੱਚੋਂ ਲੰਘਣਾ ਹੀ ਪੈਣਾ ਸੀ। ਹੋਰ ਕੋਈ ਚਾਰਾ ਹੀ ਨਹੀਂ ਸੀ। ਹਰ ਕਿਸੇ ਨੇ ਪੈਂਟਾਂ-ਪਜ਼ਾਮੇ ਟੰਗ ਲਏ। ਮੈਂ ਵੀ ਸਲਵਾਰ ਟੰਗ ਕੇ ਨਦੀ ਵਿਚ ਨਾਲ ਤੁਰ ਪਈ। ਤੁਹਾਡੇ ਭਾਅ ਜੀ ਨੇ ਇਕ ਹੱਥ ਵਿਚ ਗੁੱਗੀ ਨੂੰ ਸੰਭਾਲ ਰੱਖਿਆ ਸੀ, ਦੂਜੇ ਹੱਥ ਨਾਲ ਮੈਨੂੰ ਸਹਾਰਾ ਦੇ ਰਹੇ ਸਨ। ਮੇਰੀ ਇਕ ਬਾਂਹ ਕਿਸੇ ਹੋਰ ਸਾਥੀ ਕਲਾਕਾਰ ਨੇ ਵੀ ਫੜ ਰੱਖੀ ਸੀ। ਮੈਨੂੰ ਆਪਣੀ ਕੋਈ ਚਿੰਤਾ ਨਹੀਂ ਸੀ, ਬਸ ਇੱਕੋ ਧੁੜਕੂ ਲੱਗਾ ਹੋਇਆ ਸੀ-'ਹਾਏ ਮੇਰੀ ਗੁੱਗੀ ਨਾ ਗਿਰ ਜਾਏ...' ਬਸ 'ਰੱਬ-ਰੱਬ' ਕਰਦੇ ਸਿਸਵਾਂ ਪਾਰ ਹੋਈ। ਇਹ ਨਾਟਕ ਪਟਿਆਲੇ ਬਾਜ਼ੀ ਮਾਰ ਗਿਆ। ਉਹਦੇ ਬਾਰੇ ਕਿਸੇ ਅਖ਼ਬਾਰ ਨੇ ਲਿਖਿਆ ਸੀ—ਨੰਗਲ ਤੋਂ ਪਰਿਵਾਰ ਆਇਆ ਸੀ ਤੇ ਪਰਿਵਾਰਕ ਡਰਾਮਾ ਕਰਕੇ ਛਾ ਗਿਆ ਹੈ।

*ਇਸ ਪਰਿਵਾਰ ਦੇ ਬਾਕੀ ਦੇ ਜੀਆਂ ਦੀ ਜਾਣ-ਪਛਾਣ ਵੀ ਕਰਵਾਓ ਤਾਂ ਕਿ ਸ. ਗੁਰਸ਼ਰਨ ਸਿੰਘ ਦੀ ਪਹਿਲ-ਪਲੇਠੀ ਟੀਮ ਦੇ ਮੈਂਬਰਾਨ ਦਾ ਵੇਰਵਾ ਮਿਲ ਸਕੇ।*

ਇਸ ਟੀਮ ਵਿਚ ਫੁਲਵੰਤ ਸਿੰਘ ਸਨ ਤੇ ਉਨ੍ਹਾਂ ਦੀ ਭੈਣ ਵੀ, ਹਰਭਜਨ ਕੌਰ। ਅਸੀਂ ਉਸ ਨੂੰ ਭਜਨ ਹੀ ਆਖਿਆ ਕਰਦੇ ਸਾਂ। ਇਕ ਕਲਾਕਾਰ ਅਮਰੀਕ ਸਿੰਘ ਸੀ। ਇਹ ਬਹੁਤ ਅੱਛਾ ਆਰਟਿਸਟ ਸੀ।

*ਹੁਣ ਅਸੀਂ ਅੰਮ੍ਰਿਤਸਰ ਦੇ ਦਿਨਾਂ ਦੀ ਗੱਲ ਕਰਦੇ ਹਾਂ, ਖ਼ਾਸ ਕਰਕੇ ਪਿੰਡਾਂ ਵੱਲ ਮੋੜਾ ਕੱਟਣ ਦੀ। ਉਹ ਤਜ਼ਰਬਾ ਤੁਹਾਡੇ ਲਈ ਕਿਹੋ ਜਿਹਾ ਸੀ...?*

**ਕੈਲਾਸ਼ ਕੌਰ** : ਇਹ ਸ਼ਹਿਰ ਦੇ ਓਪਨ ਏਅਰ ਥੀਏਟਰ ਤੱਕ ਸੀਮਤ ਰਹਿ ਕੇ ਕੰਮ ਕਰਨ ਦੀ ਥਾਂ ਆਮ ਜਨਤਾ ਵਿਚ ਜਾਣ ਦਾ ਵੱਖਰੀ ਤਰ੍ਹਾਂ ਦਾ ਕੰਮ ਸੀ। ਉਹ ਸ਼ਹਿਰ ਤੱਕ ਸੀਮਤ ਰਹਿਣ ਵੇਲੇ ਵੀ ਸਦਾ ਬਿਜ਼ੀ ਰਹਿੰਦੇ ਸਨ, ਹੁਣ ਤਾਂ ਦੂਰ-ਨੇੜੇ ਦਾ ਸਫ਼ਰ ਵੀ ਸੀ ਤੇ ਸ਼ੋਅ ਵੀ ਬਹੁਤ ਹੋਣ ਲੱਗੇ ਸਨ। ਇਹਦੀ ਸ਼ੁਰੂਆਤ 'ਜਿਨ ਸਚੁ ਪਲੈ ਹੋਇ' ਨਾਟਕ ਤੋਂ ਹੋਈ। ਮੈਂ ਬਹੁਤ ਗਿਆਨ ਗੋਸ਼ਟਿ ਵਾਲੀਆਂ ਗੱਲਾਂ ਨਹੀਂ ਦੱਸ ਸਕਦੀ। ਸੱਚੀ ਗੱਲ ਤਾਂ ਇਹ ਹੈ ਕਿ ਬਹੁਤੀ ਸਮਝ ਵੀ ਨਹੀਂ ਹੈ। ਮੈਂ ਬਹੁਤੀ ਦਿਲਚਸਪੀ ਨਹੀਂ ਲਈ ਤੇ ਉਨ੍ਹਾਂ ਕਦੇ ਆਪਣੇ ਵਿਚਾਰ ਮੇਰੇ ਉੱਤੇ ਮੜ੍ਹਨ ਦਾ ਯਤਨ ਵੀ ਨਹੀਂ ਕੀਤਾ। ਮੈਂ ਖ਼ੁਸ਼ੀ ਨਾਲ ਨਾਟਕ ਖੇਡਣ ਜਾ ਰਹੀ ਸਾਂ। ਕਈ ਵਾਰ ਭੱਠੀ ਤਪਦੀ ਵੇਖਣੀ ਤਾਂ ਮੈਂ ਕਹਿਣਾ, ਦਾਣੇ ਚੱਬਾਂਗੇ। ਸਾਡਾ ਕਲਾਕਾਰ ਕ੍ਰਿਸ਼ਨ ਦਵੇਸ਼ਰ ਝੱਟ ਭੱਠੀ ਵਾਲੀ ਕੋਲੋਂ ਦਾਣੇ ਭੁਨਾ ਲਿਆਉਂਦਾ।

*'ਜਿਨ ਸਚੁ ਪਲੈ ਹੋਇ' ਅਤੇ 'ਇਹ ਲਹੂ ਕਿਸ ਦਾ ਹੈ...' ਵਰਗੇ ਨਾਟਕਾਂ ਦਾ ਪਿੰਡਾ ਤਾਂ ਧਾਰਮਕ ਕਿਸਮ ਦਾ ਸੀ। ਤੁਸੀਂ ਅਧਿਆਤਮਵਾਦੀ ਵਿਚਾਰਾਂ ਵਾਲੇ ਵੀ ਹੋ। ਤੁਹਾਨੂੰ ਕੀ ਲੱਗਦਾ ਹੈ ਕਿ ਭਾਅ ਜੀ ਧਾਰਮਕ ਨਾਟਕ ਖੇਡ ਰਹੇ ਹਨ...?*

**ਕੈਲਾਸ਼ ਕੌਰ :** ਇਹ ਨਾਟਕ ਪਿੰਡ ਦੀਆਂ ਸੱਥਾਂ ਵਿਚ ਵੀ ਹੋ ਰਹੇ ਸਨ, ਗੁਰਦੁਆਰੇ ਵਿਚ ਵੀ ਖੇਡੇ ਜਾ ਰਹੇ ਸਨ, ਪਰ ਸਾਨੂੰ ਪਤਾ ਸੀ ਕਿ ਇਹ ਧਾਰਮਕ ਨਾਟਕ ਨਹੀਂ ਹਨ। ਗੁਰਸ਼ਰਨ ਜੀ ਧਰਮ ਹੇਤ ਨਾਟਕ ਖੇਡਣ ਵਾਲੇ ਕਲਾਕਾਰ ਨਹੀਂ ਹਨ। ਉਨ੍ਹਾਂ ਦੇ ਸਿਆਸੀ ਤੇ ਸਮਾਜਕ ਵਿਚਾਰ ਧਾਰਮਕ ਦਾਇਰੇ ਤੋਂ ਬਾਹਰ ਹਨ। ਉਹ ਇਨ੍ਹਾਂ ਨਾਟਕਾਂ ਰਾਹੀਂ ਵੀ ਆਪਣੇ ਉਦੇਸ਼ ਦੀ ਗੱਲ ਕਰ ਰਹੇ ਹਨ। ਉਸ ਸਮੇਂ ਜ਼ਿਆਦਾਤਰ ਨਾਟਕ ਸ. ਗੁਰਦਿਆਲ ਸਿੰਘ ਫੁੱਲ ਹੁਰਾਂ ਦੇ ਖੇਡਦੇ ਹੁੰਦੇ ਸਾਂ। ਉਹ ਇਨ੍ਹਾਂ ਨਾਟਕਾਂ ਨੂੰ ਖੇਡਣ ਵੇਲੇ ਲੋੜੀਂਦੀ ਤਬਦੀਲੀ ਵੀ ਕਰ ਲੈਂਦੇ ਸਨ। ਇਸ ਦਾ ਕਦੇ ਫੁੱਲ ਸਾਹਿਬ ਨੇ ਗ਼ਿਲਾ-ਸ਼ਿਕਵਾ ਵੀ ਨਹੀਂ ਕੀਤਾ ਸੀ। ਫਿਰ ਉਨ੍ਹਾਂ ਦਾ ਆਪਣਾ ਨਾਟਕ 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਆ ਗਿਆ। ਇਸ ਦੇ ਹਿੱਸੇ 'ਪਰਖ' ਤੇ 'ਕਿਵ ਕੂੜੈ ਤੁਟੈ ਪਾਲਿ' ਦੀ ਸ਼ਕਲ ਵਿਚ ਵੀ ਖੇਡਦੇ ਰਹੇ ਹਨ। ਇਨ੍ਹਾਂ ਨਾਟਕਾਂ ਨੇ ਹੀ ਪਿੰਡਾਂ ਵਿਚ ਸਾਡੇ ਪੈਰ ਲਗਵਾਏ ਸਨ। ਇਹ ਵੀ ਆਖ ਸਕਦੇ ਹੋ ਕਿ ਇਨ੍ਹਾਂ ਨਾਟਕਾਂ ਨੇ ਤੁਹਾਡੇ ਭਾਅ ਦਾ ਕੱਦ-ਬੁੱਤ ਬਣਾਇਆ ਸੀ। ਇਸ ਵਿਚ 'ਧਮਕ ਨਗਾਰੇ ਦੀ' ਵਰਗੇ ਨਾਟਕਾਂ ਦਾ ਵੀ ਖ਼ਾਸ ਸਥਾਨ ਰਿਹਾ ਹੈ। ਓਦੋਂ ਤੱਕ ਤਾਂ ਦੋਵੇਂ ਧੀਆਂ ਵੀ ਨਾਟਕ ਕਰਨ ਲੱਗੀਆਂ ਸਨ। ਜਦੋਂ ਇਹ ਨਾਟਕ ਬੰਸੀ ਕੌਲ ਨੇ ਕਰਵਾਇਆ ਸੀ, ਇਹ ਭਾਰੀ ਭਰਕਮ ਟੀਮ ਦਾ ਨਾਟਕ ਸੀ। ਪਿੱਛੋਂ ਇਹ ਬਹੁਤ ਥੋੜ੍ਹੇ ਜਿਹੇ ਕਲਾਕਾਰਾਂ ਨਾਲ ਵੀ ਖੇਡਿਆ ਜਾਂਦਾ ਰਿਹਾ ਹੈ। ਉਨ੍ਹਾਂ ਦੀ ਪਿੰਡਾਂ ਵਿਚ ਸਫ਼ਲਤਾ ਦਾ ਰਾਜ਼ ਨਾਟਕ ਨੂੰ ਡਿਜ਼ਾਇਨ ਕਰਨ ਦੀ ਯੋਗਤਾ ਵਿਚ ਹੀ ਪਿਆ ਸੀ।

ਹੁਣ ਗੱਲ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਦੀ ਕਰਦੇ ਹਾਂ। ਇਹ ਪੰਜਾਬ ਦੇ ਲੋਕਾਂ ਲਈ ਸਸਤੀਆਂ ਤੇ ਬਿਹਤਰ ਪੁਸਤਕਾਂ ਦਾ ਭੰਡਾਰ ਸੀ। ਇਸ ਪ੍ਰਕਾਸ਼ਨ ਦੀ ਸ਼ੁਰੂਆਤ ਕਿਵੇਂ ਹੋਈ ਸੀ, ਇਹਦੇ ਬਾਰੇ ਕੁਝ ਦੱਸ ਸਕੋਗੇ...?

**ਕੈਲਾਸ਼ ਕੌਰ :** ਬਲਰਾਜ ਸਾਹਨੀ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਪੰਜ ਹਜ਼ਾਰ ਰੁਪਏ ਦਾ ਸਨਮਾਨ ਦਿੱਤਾ ਸੀ। ਇਹਦੇ ਨਾਲ ਕੁਝ ਪੈਸੇ ਜਹਾਜ਼ ਉੱਤੇ ਆਉਣ-ਜਾਣ ਦੇ ਕਿਰਾਏ ਦੇ ਵੀ ਸਨ। ਪੈਸੇ ਉਨ੍ਹਾਂ ਤੁਹਾਡੇ ਭਾਅ ਜੀ ਨੂੰ ਸੌਂਪ ਦਿੱਤੇ ਦਿੱਤੇ ਤਾਂ ਕਿ ਨਵੇਂ ਲੇਖਕਾਂ ਨੂੰ ਉਤਸ਼ਾਹਤ ਕੀਤਾ ਜਾ ਸਕੇ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੇ ਪ੍ਰੀਤਨਗਰ ਵਾਲੇ ਘਰ ਦੀ ਮੁਰੰਮਤ ਹੋਣ ਵਾਲੀ ਸੀ, ਥੋੜ੍ਹਾ-ਬਹੁਤਾ ਫਰਨੀਚਰ ਵੀ ਚਾਹੀਦਾ ਸੀ। ਕੁਝ ਪੈਸੇ ਉਹਦੇ ਉੱਤੇ ਖਰਚ ਹੋ ਗਏ। ਉਨ੍ਹਾਂ ਨੇ ਸੰਤੋਸ਼ ਸਾਹਨੀ ਨੂੰ ਚਿੱਠੀ ਲਿੱਖੀ ਕਿ ਮੇਰੇ ਕੋਲ ਏਨੇ ਪੈਸੇ ਬਚੇ ਪਏ ਹਨ, ਹੁਣ ਇਨ੍ਹਾਂ ਦਾ ਕੀ ਕੀਤਾ ਜਾਵੇ, ਤੁਹਾਨੂੰ ਵਾਪਸ ਭੇਜ ਦੇਵਾਂ....? ਉਨ੍ਹਾਂ ਦਾ ਜਵਾਬ ਸੀ- 'ਇਹ ਉਹ ਕੰਮ ਉਤੇ ਖ਼ਰਚ ਕਰੋ, ਜਿਹਦੇ ਲਈ ਬਲਰਾਜ ਨੇ ਦਿੱਤੇ ਸਨ।' ਇਸ ਤਰ੍ਹਾਂ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਸ਼ੁਰੂ ਹੋਇਆ।

*ਭਾਬੀ ਜੀ, ਸ. ਗੁਰਸ਼ਰਨ ਸਿੰਘ ਦੇ, ਪੰਜਾਬ ਦੇ ਮਹਾਂ-ਨਾਇਕ ਬਣਨ ਪਿੱਛੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਲਗਾਈ ਐਮਰਜੈਂਸੀ ਤੇ ਖ਼ਾਲਿਸਤਾਨੀ ਦਹਿਸ਼ਤਗ਼ਰਦੀ ਦੇ ਦੌਰ ਖੜ੍ਹੇ ਹਨ। ਇਹ ਦੌਰ ਤਨ-ਮਨ ਉੱਤੇ ਹੰਢਾਉਂਦਿਆਂ ਤੁਸੀਂ ਕੀ ਮਹਿਸੂਸ ਕਰਦੇ ਰਹੇ ਹੋ...?*

**ਕੈਲਾਸ਼ ਕੌਰ** : ਇਸ ਤੋਂ ਪਹਿਲਾਂ ਦਹਿਸ਼ਤਜ਼ਦਾ ਕਰਨ ਵਾਲੀ ਇਕ ਹੋਰ ਘਟਨਾ ਦੱਸਦੀ ਹਾਂ। ਇਨ੍ਹਾਂ ਦੇ ਦਫ਼ਤਰ ਵਿਚ ਅਮਰਜੀਤ ਚੰਦਨ ਗ੍ਰਿਫ਼ਤਾਰ ਕੀਤਾ ਗਿਆ। ਉਹਦੇ ਸਾਈਕਲ ਦੀ ਟੋਕਰੀ ਵਿੱਚੋਂ ਬੰਬ ਮਿਲਿਆ। ਉਹਨੀਂ ਦਿਨੀਂ ਕਿਸੇ ਦੇ ਸਰਕਾਰੀ ਦਫ਼ਤਰ ਵਿਚ ਨਕਸਲਬਾੜੀ ਮਿਲਣ ਆ ਜਾਏ ਤਾਂ ਆਫ਼ਤ ਗਲ਼ ਪੈਣ ਦਾ ਖ਼ਤਰਾ ਸੀ, ਪਰ ਉਹਦੇ ਕੋਲ ਤਾਂ ਬੰਬ ਵੀ ਸੀ। ਮੈਂ ਬੁਰੀ ਤਰ੍ਹਾਂ ਡਰ ਗਈ। ਮੈਨੂੰ ਚੰਦਨ ਉੱਤੇ ਗੁੱਸਾ ਵੀ ਆ ਰਿਹਾ ਸੀ—'ਚੰਗਾ ਕਾਮਰੇਡ ਸਾਥੀ ਐਂ ਤੂੰ, ਸਰਕਾਰੀ ਦਫ਼ਤਰ ਵਿਚ ਮਿਲਣ ਜਾ ਰਿਹੈਂ ਤੇ ਨਾਲ ਬੰਬ ਚੁੱਕੀ ਫਿਰਦਾ ਏਂ...!' ਉਸ ਤੋਂ ਬਾਅਦ ਗੱਲਾਂ ਹੁੰਦੀਆਂ ਰਹੀਆਂ ਕਿ ਬੰਬ ਤਾਂ ਪੁਲਿਸ ਨੇ ਪਲਾਂਟ ਕੀਤਾ ਸੀ, ਕੇਸ ਸਖ਼ਤ ਕਰਨ ਲਈ। ਇਹ ਗੱਲਾਂ ਸੱਚੀਆਂ ਹਨ ਜਾਂ ਉਹ ਸੱਚਮੁੱਚ ਬੰਬ ਚੁੱਕੀ ਫਿਰਦਾ ਸੀ, ਇਹ ਤਾਂ ਰੱਬ ਜਾਣੇ ਜਾਂ ਫਿਰ ਚੰਦਨ...ਮੈਨੂੰ ਏਨਾ ਪਤਾ ਏ ਕਿ ਮੈਂ ਉਸ ਘਟਨਾ ਤੋਂ ਬਹੁਤ ਡਰ ਗਈ ਸਾਂ...ਤੁਸੀਂ ਗੱਲ ਤੋਰੀ ਸੀ ਐਮਰਜੈਂਸੀ ਦੀ, ਓਦੋਂ ਵੀ ਬਹੁਤ ਡਰ ਲੱਗਦਾ ਸੀ। ਇਉਂ ਲੱਗਦਾ ਸੀ, ਸਾਡੇ ਘਰ ਦੇ ਆਸ-ਪਾਸ ਘੁੰਮਣ ਵਾਲਾ ਹਰ ਬੰਦਾ ਸੀ.ਆਈ.ਡੀ. ਕਰਦਾ ਫਿਰਦਾ ਹੈ। ਫਿਰ ਅੰਡਰ ਗਰਾਊਂਡ ਕਾਮਰੇਡ ਵੀ ਆ-ਜਾ ਰਹੇ ਸਨ। ਕਈ ਤਾਂ ਕਈ-ਕਈ ਦਿਨ ਚੁਬਾਰੇ ਵਿਚ ਵੀ ਰਹੇ। ਇਕ ਦਿਨ ਦੁਪਹਿਰੇ ਦੋ-ਢਾਈ ਵਜੇ ਕਿਸੇ ਅਨਜਾਣ ਬੰਦੇ ਨੇ ਆ ਕੇ ਪੁੱਛ ਲਿਆ- 'ਸ. ਗੁਰਸ਼ਰਨ ਸਿੰਘ ਘਰ ਹੀ ਹਨ?' ਮੈਂ ਡਰੀ ਹੋਈ ਸਾਂ, ਤਾਂ ਵੀ ਸਖ਼ਤੀ ਨਾਲ ਕਹਿ ਦਿੱਤਾ- 'ਇਹ ਨੌਕਰੀ-ਪੇਸ਼ਾ ਬੰਦਿਆਂ ਦੇ ਘਰ ਹੋਣ ਦਾ ਵੇਲਾ ਹੈ?'

*ਉਸ ਸਮੇਂ ਭਾਅ ਜੀ ਦਾ ਕੀ ਰਵੱਈਆ ਸੀ...?*

**ਕੈਲਾਸ਼ ਕੌਰ** : ਉਨ੍ਹਾਂ ਦੀ ਨੌਕਰੀ ਚਲੇ ਗਈ। ਇਹ ਮੇਰੇ ਲਈ ਬਹੁਤ ਵੱਡਾ ਝਟਕਾ ਸੀ। ਉਨ੍ਹਾਂ ਨੇ ਆਪਣੀ ਪ੍ਰਤੀਬੱਧਤਾ ਦਾ ਵੀ ਕੋਈ ਲਾਜਿਕ ਨਹੀਂ ਦਿੱਤਾ। ਬਸ ਏਨਾ ਕਿਹਾ- 'ਫ਼ਿਕਰ ਨਾ ਕਰੋ, ਸਭ ਮੈਨੇਜ ਹੋ ਜਾਏਗਾ, ਮੈਂ ਕਰ ਲਵਾਂਗਾ।' ਉਹ ਹੋ ਵੀ ਗਿਆ ਜਾਂ ਕਹੋ ਕਿ ਉਨ੍ਹਾਂ ਨੇ ਕਰ ਹੀ ਲਿਆ। ਹੁਣ ਨਾਟਕ ਪਹਿਲਾਂ ਨਾਲੋਂ ਵਧ ਗਏ ਸਨ, ਕਿਉਂਕਿ ਇਨ੍ਹਾਂ ਨੂੰ ਨੌਕਰੀ ਨਾਲ ਐਡਜਸਟ ਨਹੀਂ ਸੀ ਕੀਤਾ ਜਾਣਾ। ਫਿਰ ਵੀ ਟੈਕਸੀ ਦੀ ਬਜਾਏ ਨਾਟਕ ਬੱਸਾਂ ਉੱਤੇ ਜਾ ਕੇ ਕਰਨ ਲੱਗੇ। ਇਨ੍ਹਾਂ ਹਾਲਾਤ ਵਿਚ ਹੋਣ ਵਾਲੀ ਖੱਜਲ-ਖੁਆਰੀ ਨੂੰ ਧਿਆਨ ਵਿਚ ਰੱਖਦਿਆਂ ਟੀਮ ਵਿਚ ਇਸਤਰੀ ਪਾਤਰ ਮਨਫ਼ੀ ਕਰ ਦਿੱਤੇ ਗਏ। ਇਸ ਤਰ੍ਹਾਂ ਮੈਂ ਵੀ ਟੀਮ ਦਾ ਹਿੱਸਾ ਨਾ ਰਹੀ। ਉਸ ਤੋਂ ਬਾਅਦ ਮੇਰਾ ਸਮਾਂ ਬੱਚਿਆਂ ਦੀ ਪੜ੍ਹਾਈ-ਲਿਖਾਈ ਦੀ ਜ਼ਿੰਮੇਵਾਰੀ ਦੇ ਲੇਖੇ ਲੱਗ ਗਿਆ। ਐਮਰਜੈਂਸੀ ਦੌਰਾਨ ਕਈ ਕਲਾਕਾਰ ਡਟੇ ਰਹੇ, ਕਈ ਪਿੱਛੇ ਵੀ ਹਟ ਗਏ, ਪਰ ਹਾਲਾਤ ਬਦਲਦੇ ਹੀ ਮੁੜ ਜੁੜ ਗਏ। ਕਿਸੇ ਨੂੰ ਕੋਈ ਤਾਹਨਾ-ਮਿਹਣਾ ਨਹੀਂ ਮਾਰਿਆ, ਕੋਈ ਨਾਂਹ-ਨੁੱਕਰ ਨਹੀਂ ਕੀਤੀ। ਐਮਰਜੈਂਸੀ ਦੌਰਾਨ

ਹੀ ਗ੍ਰਿਫ਼ਤਾਰੀ ਵੀ ਹੋਈ, ਜੇਲ੍ਹ ਵੀ ਜਾਣਾ ਪਿਆ। ਮੈਂ ਮਹਿਸੂਸ ਕਰਦੀ ਹਾਂ ਕਿ ਨੌਕਰੀ ਖੁੱਸਣ ਤੇ ਜੇਲ੍ਹ ਜਾਣ ਨੇ ਉਨ੍ਹਾਂ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ। ਮੈਂ ਇਸ ਤੋਂ ਪਹਿਲਾਂ ਤੇ ਪਿੱਛੋਂ ਵਾਲੇ ਸ. ਗੁਰਸ਼ਰਨ ਸਿੰਘ ਵਿਚਲਾ ਫ਼ਰਕ ਸਹਿਜੇ ਹੀ ਪਛਾਣ ਸਕਦੀ ਹਾਂ। ਜੇ ਕਿਸੇ ਮਾਮਲੇ ਵਿਚ ਫ਼ਰਕ ਨਹੀਂ ਪਿਆ ਤਾਂ ਉਹ ਇਹ ਸੀ ਕਿ ਪਰਿਵਾਰ ਪ੍ਰਤੀ ਓਸੇ ਤਰ੍ਹਾਂ ਕੇਅਰ ਕਰਨ ਵਾਲੇ ਸਨ। ਹਾਂ, ਕਈ ਗੱਲਾਂ ਵਿਚ ਗੁੱਸਾ ਆ ਜਾਣਾ ਆਮ ਗੱਲ ਹੋ ਗਈ ਸੀ। ਉਹ ਇੰਦਰਾ ਗਾਂਧੀ ਪ੍ਰਤੀ ਗੁੱਸੇ ਨਾਲ ਭਰੇ ਪਏ ਸਨ ਤੇ ਇਹ ਕਿਸੇ ਉਤੇ ਵੀ ਨਿਕਲ ਸਕਦਾ ਸੀ।

*ਭਾਬੀ ਜੀ, ਜੇ ਤੁਸੀਂ ਉਸ ਦੌਰ ਵਿਚ ਡਰ ਰਹੇ ਸੀ ਤਾਂ ਜ਼ਾਹਰ ਹੈ ਕਿ ਉਸ ਵਿਚ ਖੇਡੇ ਜਾ ਰਹੇ ਨਾਟਕਾਂ ਬਾਰੇ ਵੀ ਵੱਖਰੀ ਰਾਇ ਰੱਖਦੇ ਹੋਵੋਗੇ...*

**ਕੈਲਾਸ਼ ਕੌਰ** : ਹਾਂ, ਰੱਖਦੀ ਸਾਂ, ਪਰ ਉਹ ਬਿਨਾਂ ਬਹਿਸ ਕੀਤੇ ਸੁਣਦੇ ਰਹਿੰਦੇ ਸਨ। ਮੈਂ ਕਈ ਵਾਰ ਕਿਹਾ ਕਿ 'ਕਿਵ ਕੂੜੈ ਤੁਟੈ ਪਾਲਿ' ਨਾਟਕ ਵਿੱਚੋਂ 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਡਾਇਲਾਗ ਕੱਢ ਦਿਓ। ਉਨ੍ਹਾਂ ਕਦੇ ਹੁੰਗਾਰਾ ਨਹੀਂ ਭਰਿਆ। ਜਿਹੜੀ ਗੱਲ ਨਾ ਮੰਨਣੀ ਹੋਵੇ, ਉਹਦੇ ਬਾਰੇ ਬਹਿਸ ਵੀ ਨਹੀਂ ਸਨ ਕਰਦੇ। ਇਕ-ਅੱਧ ਵਾਰ ਜ਼ਿਆਦਾ ਜ਼ੋਰ ਦੇ ਕੇ ਕਿਹਾ ਤਾਂ ਆਖਣ ਲੱਗੇ- 'ਠੀਕ ਐ, ਕੱਢ ਦਿਆਂਗੇ।' ਇਹਦਾ ਮਤਲਬ ਸੀ, ਹੁਣ ਆਖਣਾ ਬੰਦ ਕਰੋ। ਜਿੱਥੇ ਪਤਾ ਸੀ, ਉਨ੍ਹਾਂ ਨੂੰ ਆਪਣੀ ਗੱਲ ਆਖਣ ਤੋਂ ਪਹਿਲਾਂ ਹੀ ਦਬਾਅ ਮੰਨਣਾ ਪਵੇਗਾ, ਓਥੇ ਜ਼ਿਦ ਵੀ ਕੋਈ ਨਹੀਂ। ਜਦੋਂ ਸਰਕਾਰ ਨੇ ਤੈਅ ਕਰ ਦਿੱਤਾ ਕਿ ਹਰ ਅਖ਼ਬਾਰ/ਮੈਗਜ਼ੀਨ ਸੈਂਸਰ ਹੋ ਕੇ ਹੀ ਛਪ ਸਕੇਗਾ, ਉਨ੍ਹਾਂ 'ਸਰਦਲ' ਬੰਦ ਕਰ ਦਿੱਤਾ ਸੀ। ਹੁਣ ਸਾਨੂੰ ਫ਼ਿਕਰ ਸੀ ਕਿ ਕਿਤੇ ਛਪੀਆਂ ਪਈਆਂ ਕਿਤਾਬਾਂ ਨੂੰ ਲੈ ਕੇ ਛਾਪਾ ਨਾ ਪੈ ਜਾਵੇ। ਗੱਲ ਕੀ ਹਰ ਵੇਲੇ ਡਰ-ਭੈਅ ਬਣਿਆ ਰਹਿੰਦਾ ਸੀ।

ਐਮਰਜੈਂਸੀ ਦੇ ਦਿਨਾਂ ਦੀ ਗੱਲ ਹੈ। ਅਸੀਂ ਬੰਬਈ ਨਾਟਕ ਖੇਡਣ ਜਾਣਾ ਸੀ। ਇਸ ਤੋਂ ਪਹਿਲਾਂ ਦਿੱਲੀ ਵਿਚ ਨਾਟਕ ਹੋ ਰਿਹਾ ਸੀ। ਇਥੇ ਹੀ ਉਨ੍ਹਾਂ ਦੇ ਵੱਡੇ ਭਰਾ ਸ. ਹਰਭਜਨ ਸਿੰਘ ਰਹਿੰਦੇ ਸਨ। ਉਹ ਉਸ ਸਮੇਂ ਚੀਫ ਇੰਜੀਨੀਅਰ ਸਨ ਤੇ ਇਨ੍ਹਾਂ ਦੀ ਨੌਕਰੀ ਜਾਂਦੀ ਰਹੀ ਸੀ। ਉਨ੍ਹਾਂ ਕਿਹਾ- 'ਅਸੀਂ ਕੋਈ ਜ਼ਮੀਨਾਂ-ਜਾਇਦਾਦਾਂ ਦੇ ਮਾਲਕ ਹਾਂ? ਇਕ ਨੌਕਰੀ ਹੀ ਹੈ, ਉਹ ਵੀ ਗਵਾ ਲਈ। ਕੀ ਫਾਇਦਾ ਹੇ ਇਹੋ ਜਿਹੇ ਕੰਮਾਂ ਦਾ..?' ਉਹ ਤੁਹਾਡੇ ਭਾਅ ਜੀ ਨਾਲੋਂ 12 ਸਾਲ ਵੱਡੇ ਸਨ। ਮੈਂ ਉਨ੍ਹਾਂ ਸਾਹਮਣੇ ਕਦੇ ਕੋਈ ਗੱਲ ਨਹੀਂ ਸੀ ਕੀਤੀ। ਇਨ੍ਹਾਂ ਦੀ ਵਿਚਾਰਧਾਰਾ ਕੀ ਹੈ? ਮੈਂ ਬਹਿਸ ਨਹੀਂ ਸਾਂ ਕਰ ਸਕਦੀ, ਪਰ ਜਾਣਦੀ ਸਾਂ ਕਿ ਇਹ ਆਪਣੀ ਧੁੰਨ ਦੇ ਪੱਕੇ ਹਨ। ਸੋ ਉਨ੍ਹਾਂ ਨੂੰ ਕਿਹਾ-'ਭਰਾ ਜੀ, ਇਸ ਸਮੇਂ ਇਸ ਸਵਾਲ ਉੱਤੇ ਗੱਲ ਕਰਨਾ ਠੀਕ ਨਹੀਂ ਹੈ।'

*ਇਹ ਨੌਕਰੀ ਬਹਾਲ ਕਿਵੇਂ ਹੋਈ ਸੀ...?*

**ਕੈਲਾਸ਼ ਕੌਰ** : ਜਦੋਂ 1977 ਦੀਆਂ ਚੋਣਾਂ ਹੋਈਆਂ ਤਾਂ ਚੌਧਰੀ ਚਰਨ ਸਿੰਘ ਦੇਸ਼ ਦੇ ਗ੍ਰਹਿ ਮੰਤਰੀ ਬਣੇ ਸਨ। ਉਹ ਐਮਰਜੈਂਸੀ ਦੇ ਵਿਰੋਧ ਵਿਚ ਬਣੀ ਸਰਕਾਰ ਸੀ। ਇਸੇ ਲਈ ਚੌਧਰੀ ਸਾਹਿਬ ਦਰਬਾਰ ਲਗਾ ਕੇ ਉਸ ਸਮੇਂ ਹੋਈਆਂ ਜ਼ਿਆਦਤੀਆਂ ਸੁਣਦੇ ਸਨ ਤੇ ਉਨ੍ਹਾਂ ਦਾ

ਨਿਪਟਾਰਾ ਕਰਦੇ ਸਨ। ਇਹ ਵੀ ਆਪਣੀ ਅਰਜ਼ੀ ਲੈ ਕੇ ਚਲੇ ਗਏ ਸਨ। ਉਸ ਦਰਬਾਰ ਵਿਚ ਇਕੱਲੇ ਸਿੱਖ ਸਨ। ਉਨ੍ਹਾਂ ਆਵਾਜ਼ ਮਾਰ ਕੇ ਗੱਲ ਸੁਣੀ ਤੇ ਥੋੜ੍ਹੇ ਦਿਨਾਂ ਬਾਅਦ ਨੌਕਰੀ ਉੱਤੇ ਬਹਾਲ ਹੋ ਗਏ। ਉਨ੍ਹਾਂ ਦੀ ਸਰਵਿਸ ਵਿਚ ਕੋਈ ਬਰੇਕ ਨਹੀਂ ਪਾਈ ਗਈ ਸੀ, ਸਗੋਂ ਗ਼ੈਰ-ਹਾਜ਼ਰੀ ਦੇ ਦਿਨਾਂ ਨੂੰ ਹਾਜ਼ਰੀ ਮੰਨ ਕੇ ਤਮਾਮ ਬਕਾਏ ਵੀ ਅਦਾ ਕਰ ਦਿੱਤੇ ਗਏ। ਇਹਦਾ ਅਰਥ ਇਹ ਨਹੀਂ ਕਿ ਉਨ੍ਹਾਂ ਆਪਣੇ ਨਾਟਕਾਂ ਦੀ ਪ੍ਰਤੀਬੱਧਤਾ ਬਦਲ ਲਈ ਹੋਵੇ। ਇਹ ਸਰਕਾਰ ਆਈ ਸੀ ਤਾਂ ਲੋਕਾਂ ਦੀਆਂ ਆਸਾਂ ਬਹੁਤ ਵਧ ਗਈਆਂ ਸਨ, ਜਦੋਂ ਟੁੱਟਣ ਲੱਗੀਆਂ ਤਾਂ ਇਨ੍ਹਾਂ 'ਸੰਕਟ ਹੈ, ਸੰਕਟ ਨਹੀਂ ਹੈ' ਨਾਟਕ ਖੇਡਣਾ ਸ਼ੁਰੂ ਕਰ ਦਿੱਤਾ। ਇਹ ਨਵੇਂ ਹਾਕਮਾਂ ਦੀਆਂ ਨੀਤੀਆਂ ਬਾਰੇ ਸੀ। ਇਹ 'ਘਾਹੀਆਂ ਦੇ ਪੁੱਤ ਘਾਹੀ ਹੀ ਨਹੀਂ ਰਹਿਣਗੇ' ਦਾ ਸੰਦੇਸ਼ ਸੀ।

*ਹੁਣ ਥੋੜ੍ਹਾ ਦਹਿਸ਼ਤ.ਗਰਦੀ ਦੇ ਦੌਰ ਦੀ ਗੱਲ ਕਰ ਲਈਏ...*

ਜਦੋਂ ਐਮਰਜੈਂਸੀ ਖ਼ਤਮ ਹੋਈ ਤਾਂ ਰਾਤ-ਬਰਾਤੇ ਸਫ਼ਰ ਦੌਰਾਨ ਐਕਸੀਡੈਂਟ ਦਾ ਹੀ ਡਰ ਰਹਿੰਦਾ ਸੀ। ਇਹ ਦੋ-ਤਿੰਨ ਵਾਰ ਹੋਏ ਵੀ ਸਨ। ਫਿਰ ਅੱਤਵਾਦ ਵੇਲੇ ਮੌਤ ਦਾ ਨੰਗਾ ਨਾਚ ਹੋਣ ਲੱਗਾ। ਇਹ ਸਾਰਾ ਕੁਝ ਤੁਹਾਡੇ ਸਾਹਮਣੇ ਵਾਪਰਿਆ ਹੈ, ਉਨ੍ਹਾਂ ਦੇ ਕਈ ਨਾਟਕ ਤੁਹਾਡੇ ਵੇਖੇ ਹੋਏ ਨੇ, ਕਈ ਖੇਡੇ ਹੋਏ ਵੀ। ਉਹ ਜਿੰਨੀ ਦਲੇਰੀ ਨਾਲ ਨਾਟਕ ਲਿਖ ਤੇ ਖੇਡ ਰਹੇ ਸਨ, ਉਹ ਉਸ ਅੰਮ੍ਰਿਤਸਰ ਸ਼ਹਿਰ ਵਿਚ, ਉਹ ਤਾਂ ਕਿਆਮਤ ਨੂੰ ਸੱਦਾ ਸੀ। ਇਨ੍ਹਾਂ ਨੌਕਰੀ ਵੀ ਛੱਡ ਦਿੱਤੀ ਸੀ। ਇਹ ਨਾਟਕ ਕਰਨ ਲਈ ਜਾਂਦੇ ਸਨ ਤਾਂ ਡਰ ਲੱਗਦਾ ਰਹਿੰਦਾ ਸੀ। ਉਨ੍ਹਾਂ ਲਈ ਮੌਤ ਦਾ ਭੈਅ ਬਸ ਏਨਾ ਸੀ, 'ਜਿੱਥੇ ਐਨੇ ਲੋਕ ਮਰਦੇ ਪਏ ਨੇ, ਅਸੀਂ ਵੀ ਮਰ ਜਾਵਾਂਗੇ।' ਇਨ੍ਹਾਂ ਹਾਲਾਤ ਵਿਚ ਹੀ ਅੰਮ੍ਰਿਤਸਰ ਛੱਡਣਾ ਪਿਆ ਸੀ। ਉਨ੍ਹਾਂ ਸ਼ਹਿਰ ਤਾਂ ਛੱਡ ਦਿੱਤਾ, ਪਰ ਨਾ ਨਾਟਕ ਛੱਡੇ, ਨਾ ਉਨ੍ਹਾਂ ਵਿਚ ਆਖੀ ਜਾਣ ਵਾਲੀ ਗੱਲ ਨਾਲ ਸਮਝੌਤਾ ਕੀਤਾ। ਮੈਨੂੰ ਲੱਗਦਾ ਹੈ, ਉਹ ਇਸੇ ਕਰਕੇ ਹੀ ਏਨੇ ਵੱਡੇ ਹੋ ਸਕੇ ਹਨ।

*ਉਹ ਏਨੀ ਵੱਡੀ ਹਸਤੀ ਹਨ—ਇਹ ਅਹਿਸਾਸ ਤੁਹਾਨੂੰ ਕਦੋਂ ਕੁ ਹੋਇਆ ਸੀ....?*

**ਕੈਲਾਸ਼ ਕੌਰ** : ਇਹ ਤਾਂ ਨਹੀਂ ਦੱਸ ਸਕਦੀ, ਪਰ ਇਹ ਗੱਲ ਮੈਂ ਬਹੁਤ ਪਹਿਲਾਂ ਸਮਝ ਲਈ ਸੀ ਕਿ ਉਹ ਆਪਣੇ ਪਰਿਵਾਰ ਦੇ ਬਾਕੀ ਜੀਆਂ ਨਾਲੋਂ ਵੱਖਰੇ ਹਨ, ਆਮ ਆਦਮੀ ਨਹੀਂ ਹਨ ਤੇ ਉਹ ਸਮਾਜ ਵਿਚ ਕੋਈ ਖ਼ਾਸ ਕੰਮ ਕਰ ਰਹੇ ਹਨ। ਫਿਰ ਸਮੇਂ-ਸਮੇਂ ਮੌਕੇ ਬਣਦੇ ਸਨ, ਜਦੋਂ ਉਨ੍ਹਾਂ ਨੂੰ ਮਿਲ ਰਹੇ ਲੋਕਾਂ ਦੇ ਪਿਆਰ-ਸਤਿਕਾਰ ਦੇ ਦਰਸ਼ਨ ਹੁੰਦੇ ਸਨ। ਇਕ ਵਾਰ ਕਿਸੇ ਸਮਾਗਮ ਲਈ ਦਿੱਲੀ ਗਏ ਸਾਂ ਤਾਂ ਹਾਲ ਵਿਚ ਦਾਖਲ ਹੁੰਦੇ ਹੀ ਤਾੜੀਆਂ ਦਾ ਮੀਂਹ ਸ਼ੁਰੂ ਹੋ ਗਿਆ ਤੇ ਇਹ ਕਾਫੀ ਦੇਰ ਤੱਕ ਵੱਜਦੀਆਂ ਰਹੀਆਂ। ਉਹ ਪੰਜਾਬ ਨਹੀਂ ਸੀ। ਇਸੇ ਤਰ੍ਹਾਂ ਵਾਰਾਨਸੀ ਦੇ ਨੇੜੇ, ਮੁਣਸ਼ੀ ਪ੍ਰੇਮ ਚੰਦ ਦੇ ਪਿੰਡ, ਜਨ ਸਾਂਸਕ੍ਰਿਤਕ ਮੰਚ ਦਾ ਸਮਾਗਮ ਸੀ। ਇਹ 1978-79 ਦੀ ਗੱਲ ਹੈ। ਉਥੇ ਨਾਅਰੇ ਲੱਗ ਰਹੇ ਸਨ- 'ਜਨ ਨਾਟਯ ਕੇ ਸਿਪਾਹ ਸਲਾਰ ਕੋ ਲਾਲ ਸਲਾਮ।' ਇਹ ਉਹ ਘਟਨਾਵਾਂ ਸਨ, ਜਿਨ੍ਹਾਂ ਤੋਂ ਲੱਗਣ ਲੱਗ ਗਿਆ ਸੀ ਕਿ ਉਹ ਕੋਈ ਬਹੁਤ ਵੱਡੀ ਹਸਤੀ ਹਨ।

*ਜੇ ਗੱਲ ਘਰ ਦੀ ਕਰੀਏ, ਘਰੇਲੂ ਗੱਲਾਂ-ਬਾਤਾਂ ਦੀ ਕਰੀਏ ਤਾਂ ਉਹ ਕਿਸ ਹੱਦ ਤੱਕ ਜ਼ਿੰਮੇਵਾਰ ਸਨ...?*

ਜੇ ਗੱਲ ਗੱਲਾਂ ਤੱਕ ਰੱਖ ਲਈਏ ਤਾਂ ਉਹ ਘਰੇਲੂ ਕਿਸਮ ਦੀਆਂ ਗੱਲਾਂ ਬਹੁਤ ਘੱਟ ਕਰਦੇ ਸਨ। ਉਹ ਗੱਲਾਂ ਮੈਂ ਕਰਦੀ ਹੁੰਦੀ ਸਾਂ ਤੇ ਸੁਣਦੇ ਸਨ, ਸੁਣ ਕੇ ਮੁਸਕਰਾ ਦਿੰਦੇ ਸਨ। ਇਹਦਾ ਅਰਥ ਇਹ ਨਹੀਂ ਕਿ ਜ਼ਿੰਮੇਵਾਰ ਨਹੀਂ ਸਨ। ਉਹ ਜ਼ਿੰਮੇਵਾਰ ਸਨ ਤੇ ਹਰ ਕਿਸੇ ਦੇ ਜਜ਼ਬਾਤ ਦਾ ਖ਼ਿਆਲ ਰੱਖਦੇ ਸਨ। ਉਨ੍ਹਾਂ ਦਾ ਸਿੱਖੀ ਸਿਧਾਂਤਾਂ ਨਾਲ ਨਾਤਾ ਸੀ, ਪਰ ਸ਼ਰਧਾ, ਨਾਮ-ਸਿਮਰਨ ਤੇ ਮੱਥਾ ਟੇਕਣ ਵਿਚ ਕੋਈ ਯਕੀਨ ਨਹੀਂ ਸੀ। ਫਿਰ ਵੀ, ਜੇ ਕਦੇ ਬਾਜ਼ਾਰ ਮਾਈ ਸੇਵਾਂ ਚਲੇ ਜਾਈਏ, ਕਿਸੇ ਕਿਸਮ ਦੇ ਕੰਮ, ਉਹ ਆਖਦੇ ਸਨ- 'ਜੇ ਦਰਬਾਰ ਸਾਹਿਬ ਜਾਣਾ ਹੈ ਤਾਂ ਚਲੇ ਜਾਉ। ਮੈਂ ਇਥੇ ਬੈਠਾ ਹਾਂ ਜਾਂ ਫਲਾਂ ਕੰਮ ਨਿਬੇੜ ਲਵਾਂਗਾ।' ਮੇਰੀ ਸਿਹਤ ਜ਼ਰਾ ਕੁ ਖ਼ਰਾਬ ਹੁੰਦੀ ਤਾਂ ਚਿੰਤਾ ਵਿਚ ਪੈ ਜਾਂਦੇ ਸਨ। 2002 ਦੀ ਗੱਲ ਹੈ। ਮੇਰਾ ਦੂਜੀ ਵਾਰ ਹਾਰਟ ਅਪਰੇਸ਼ਨ ਹੋਣਾ ਸੀ, ਸਿਹਤ ਕਮਜ਼ੋਰ ਸੀ, ਉਸਦੇ ਸਫ਼ਲ ਹੋਣ ਨੂੰ ਲੈ ਕੇ ਸ਼ੰਕੇ ਸਨ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਵੇਖਿਆ ਸੀ ਕਿ ਉਹ ਤਰਸਯੋਗ ਹਾਲਤ ਵਿਚ ਹਨ। ਜਦੋਂ ਅਪਰੇਸ਼ਨ ਲਈ ਜਾਣਾ ਸੀ, ਮੈਂ ਉਨ੍ਹਾਂ ਨਾਲ ਹੱਥ ਮਿਲਾਇਆ, ਉਨ੍ਹਾਂ ਦਾ ਹੱਥ ਘੁੱਟ ਲਿਆ। ਇਹ ਬੋਲ ਤਾਂ ਨਾ ਸਕੀ, ਪਰ ਮਨ ਹੀ ਮਨ ਆਖਿਆ- 'ਚੰਗਾ, ਜਿੰਨੀ ਨਿਭੀ, ਬਹੁਤ ਸੁਹਣੀ ਨਿਭਾਈ ਹੈ।' ਓਦੋਂ ਚਿਤ-ਚੇਤਾ ਵੀ ਨਹੀਂ ਸੀ ਕਿ ਹੱਥ ਤਾਂ ਉਨ੍ਹਾਂ ਨੇ ਛੁਡਾ ਕੇ ਤੁਰ ਜਾਣਾ ਹੈ, ਮੇਰੇ ਤੋਂ ਪਹਿਲਾਂ ਉਨ੍ਹਾਂ ਦੀ ਸਿਹਤ ਨਿਤਾਣੀ ਹੋ ਜਾਏਗੀ। ਇਹ ਵੱਸ ਤੋਂ ਬਾਹਰ ਦੀ ਗੱਲ ਸੀ, ਤਾਂ ਵੀ ਉਹ ਆਖਰੀ ਦਿਨਾਂ ਵਿਚ ਆਮ ਬੁੱਢਿਆਂ ਵਰਗੇ ਨਹੀਂ ਸਨ। ਉਨ੍ਹਾਂ ਨੇ ਅੰਤ ਤੱਕ ਹਾਰ ਨਹੀਂ ਮੰਨੀ ਤੇ ਕਦੇ ਸੀਅ ਵੀ ਨਹੀਂ ਕੀਤੀ।

*ਕੋਈ ਗੱਲ, ਜੋ ਮੈਂ ਪੁੱਛੀ ਨਾ ਹੋਵੇ ਤੇ ਤੁਸੀਂ ਦੱਸਣੀ ਚਾਹ ਰਹੇ ਹੋਵੋ...।*

ਉਹ ਆਪਣੇ ਮਨ ਦੀ ਗੱਲ ਆਖਣ ਲਈ ਚਿੱਠੀ ਲਿਖਣ ਦੇ ਆਦੀ ਸਨ। ਇਕ ਵਾਰ ਮੈਂ ਆਪਣੀ ਭੈਣ ਕੋਲ ਗਈ ਤੇ ਮਹੀਨਾ ਭਰ ਰਹੀ। ਉਨ੍ਹਾਂ ਚਿੱਠੀ ਲਿਖੀ- 'ਬਹੁਤ ਸੋਹਣੇ ਫੁੱਲ ਖਿੜੇ ਹਨ, ਤੁਹਾਡੀ ਉਡੀਕ ਕਰ ਰਹੇ ਹਨ।' ਇਹ ਤਾਂ ਚਲੋ ਓਦੋਂ ਦੀ ਗੱਲ ਹੈ, ਜਦੋਂ ਦੂਰ ਸਾਂ। ਜਦੋਂ ਜੇਲ੍ਹ ਗਏ ਤਾਂ ਆਪਣੀਆਂ ਧੀਆਂ ਨੂੰ ਚਿੱਠੀਆਂ ਲਿਖਦੇ ਸਨ। ਮੈਂ ਰੋਜ਼ਾਨਾ ਜੇਲ੍ਹ ਜਾ ਕੇ ਮਿਲਦੀ ਸਾਂ। ਗੱਲਾਂ-ਬਾਤਾਂ ਹੁੰਦੀਆਂ ਤੇ ਬਾਕੀ ਜੋ ਪੜ੍ਹਦੇ ਜਾਂ ਸੋਚਦੇ ਸਨ, ਉਹਦੇ ਬਾਰੇ ਚਿੱਠੀ ਲਿਖ ਕੇ ਫੜਾ ਦਿੰਦੇ ਸਨ। ਇਨ੍ਹਾਂ ਵਿਚ ਉਨ੍ਹਾਂ ਦੇ ਜਜ਼ਬਾਤ ਸਨ, ਅਕੀਦੇ ਸਨ, ਬਾਹਰ ਆ ਕੇ ਹੋਰ ਵੀ ਜ਼ੋਰ-ਸ਼ੋਰ ਨਾਲ ਕੰਮ ਕਰਨ ਦੇ ਇਰਾਦੇ ਹੁੰਦੇ ਸਨ। ਦੋਵਾਂ ਧੀਆਂ ਨੂੰ ਵੱਖਰੀਆਂ ਚਿੱਠੀਆਂ ਲਿਖਦੇ ਸਨ। ਨਿੱਕੂ (ਡਾ. ਅਰੀਤ ਕੌਰ) ਨੂੰ ਚਿੱਠੀ ਲਿਖੀ ਕਿ ਦੀਵਾਲੀ ਤੱਕ ਰਿਹਾਈ ਨਹੀਂ ਹੋ ਸਕਣੀ, ਤੁਸੀਂ ਥੋੜ੍ਹੇ-ਬਹੁਤ ਪਟਾਕੇ ਤੇ ਮੋਮਬੱਤੀਆਂ ਲੈ ਆਉਣੀਆਂ।

ਇਕ ਹੋਰ ਗੱਲ ਵੀ ਹੈ, ਜੋ ਕਰਨੀ ਜ਼ਰੂਰੀ ਸਮਝਦੀ ਹਾਂ। ਜਦੋਂ ਸਿਹਤ ਜ਼ਿਆਦਾ ਡਾਊਨ ਹੋ ਗਈ, ਸਹਾਰੇ ਦੀ ਲੋੜ ਲਾਜ਼ਮੀ ਹੋ ਗਈ। ਉਸ ਸਮੇਂ ਕਲਾਕਾਰ ਸਾਥ ਦੇ ਰਹੇ ਸਨ,

ਜਿਨ੍ਹਾਂ ਵਿਚ ਇਕੱਤਰ ਸਿੰਘ ਆਖਰੀ ਦਿਨਾਂ ਤੱਕ ਅੰਗ-ਸੰਗ ਸੀ। ਉਹ ਬੜੇ ਪਿਆਰ-ਸਤਿਕਾਰ ਨਾਲ ਰੋਜ਼ਮਰ੍ਹਾ ਦੇ ਕੰਮਾਂ ਵਿਚ ਹੈਲਪ ਕਰ ਰਿਹਾ ਸੀ। ਫਿਰ ਵੀ ਪੱਕੇ ਤੌਰ ਉਤੇ ਹੈਲਪਰ ਦੀ ਲੋੜ ਸੀ, ਜੋ ਘਰ ਵਿਚ ਸਦਾ ਮੌਜੂਦ ਹੋਵੇ। ਜਦੋਂ ਗੁਰਸ਼ਰਨ ਜੀ ਨਾਲ ਗੱਲ ਹੋਈ, ਉਨ੍ਹਾਂ ਕਿਹਾ- 'ਜਿਸਨੇ ਹੈਲਪ ਕਰਨੀ ਐਂ, ਉਹਦੀ ਡਿਗਨਿਟੀ, ਉਹਦੇ ਵੱਕਾਰ ਦਾ ਪੂਰਾ ਖ਼ਿਆਲ ਰੱਖਣਾ ਪਵੇਗਾ।' ਉਨ੍ਹਾਂ ਸਾਹਮਣੇ ਵੱਡੇ ਭਰਾ ਜੀ (ਡਾ. ਇੰਦਰਜੀਤ ਸਿੰਘ) ਦਾ ਮਾਡਲ ਸੀ। ਉਨ੍ਹਾਂ ਦੇ ਘਰ ਵਿਚ ਝਾਰਖੰਡ ਤੋਂ ਆਈ ਗ਼ਰੀਬ ਔਰਤ ਕੋਈ ਤੀਹ ਸਾਲ ਤੋਂ ਘਰੇਲੂ ਕੰਮ-ਕਾਰ ਵਿਚ ਮਦਦ ਕਰ ਰਹੀ ਸੀ। ਉਸਨੂੰ ਪਰਿਵਾਰਕ ਜੀਅ ਵਾਂਗ ਸਭ ਸਹੂਲਤਾਂ ਮਿਲ ਰਹੀਆਂ ਸਨ। ਗੁਰਸ਼ਰਨ ਜੀ ਨੇ ਹਮੇਸ਼ਾਂ ਕਿਹਾ- 'ਪਹਿਲਾਂ ਓਸੇ ਤਰ੍ਹਾਂ ਦੇ ਪ੍ਰਬੰਧ ਕਰ ਲਏ ਜਾਣ, ਫਿਰ ਗੱਲ ਬਣਦੀ ਹੈ।' ਇਸ ਮਕਸਦ ਲਈ ਵੱਖਰਾ ਬਾਥਰੂਮ ਵਗੈਰਾ ਬਣਾਇਆ ਗਿਆ। ਗਰਮੀਆਂ ਦੇ ਦਿਨ ਸਨ, ਤਾਂ ਸਵਾਲ ਕੀਤਾ- 'ਗਰਮ ਪਾਣੀ ਲਈ ਗੀਜ਼ਰ ਲਗਵਾ ਦਿੱਤਾ ਹੈ...?' ਇਸ ਤਰ੍ਹਾਂ ਸਭ ਦਾ ਖ਼ਿਆਲ ਰੱਖਦੇ ਸਨ।

*ਇਸੇ ਸਮੇਂ ਕਈ ਗੱਲਾਂ ਤੇ ਤੱਥ ਸਹੀ ਕਰਨ ਵਿਚ ਮਦਦ ਕਰ ਰਹੇ ਡਾ. ਅਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਇਹ ਵੀ ਲਿਖਿਆ ਸੀ ਕਿ ਤੁਸੀਂ ਕੋਈ ਫਿਲਮ ਵੀ ਨਹੀਂ ਵੇਖੀ ਹੋਣੀ। ਉਨ੍ਹਾਂ ਯਾਦ ਕੀਤਾ ਕਿ ਨਾਲ ਹੀ ਇਹ ਵੀ ਲਿਖਿਆ ਸੀ ਕਿ ਇਹਨੀਂ ਦਿਨੀਂ ਕੋਈ ਚੰਗੀ ਫਿਲਮ ਆਈ ਵੀ ਨਹੀਂ ਏਂ। ਮੈਂ ਉਨ੍ਹਾਂ ਦੀਆਂ ਕਈ ਸਾਰੀਆਂ ਗੱਲਾਂ ਤੋਂ ਬਾਅਦ ਕਿਹਾ ਕਿ ਤੁਹਾਡੀ ਇੰਟਰਵਿਊ ਹੋਰ ਵੀ ਜ਼ਰੂਰੀ ਹੈ। ਕੋਈ ਇਕ-ਅੱਧ ਗੱਲ ਸਾਂਝੀ ਕਰੋ। ਉਹ ਡਾਕਟਰ ਹਨ ਤੇ ਉਨ੍ਹਾਂ ਨੇ ਦੋ ਗੱਲਾਂ ਸਾਂਝੀਆਂ ਕੀਤੀਆਂ।*

**ਡਾ. ਅਰੀਤ ਕੌਰ** : ਉਨ੍ਹਾਂ ਨੂੰ ਡਾਇਲੇਸਿਸ ਲਈ ਲੈ ਕੇ ਜਾਂਦੇ ਸਨ, ਤਾਂ ਮੈਂ ਡਾਕਟਰ ਹੋਣ ਦੇ ਬਾਵਜੂਦ ਕੋਲ ਰੁਕਣ ਦੀ ਹਿੰਮਤ ਨਹੀਂ ਕਰ ਸਕੀ। ਉਹ ਸ਼ਾਂਤ-ਚਿੱਤ ਹੋ ਕੇ ਪਏ ਰਹਿੰਦੇ ਸਨ, ਕਦੇ ਕਿਸੇ ਦਰਦ ਦਾ ਅਹਿਸਾਸ ਨਹੀਂ ਹੋਣ ਦਿੱਤਾ, ਉਹ ਲੋਕ ਹਾਲੇ ਵੀ ਫ਼ੋਨ ਕਰਕੇ ਪਾਪਾ ਨੂੰ ਯਾਦ ਕਰਦੇ ਹਨ, ਉਨ੍ਹਾਂ ਦਾ ਲੱਗਭਗ ਪੱਕਾ ਹੋ ਗਿਆ ਡਾਇਲਾਗ ਵੀ ਚੇਤੇ ਕਰਦੇ ਹਨ— 'ਇਸ ਵਾਰ ਲਗਾਈ ਸੂਈ ਬਹੁਤ ਅੱਛੀ ਹੈ, ਬਹੁਤ ਹੀ ਅੱਛੀ, ਮੈਨੂੰ ਕੋਈ ਦਰਦ ਨਹੀਂ ਹੋਈ।' ਮੈਂ ਡਾਕਟਰ ਹਾਂ ਤੇ ਦੱਸ ਸਕਦੀ ਹਾਂ ਕਿ ਦਰਦ ਹੁੰਦੀ ਹੈ, ਪਰ ਉਨ੍ਹਾਂ ਨੇ ਮਨ ਹੀ ਏਨਾ ਸਾਧ ਲਿਆ ਸੀ ਕਿ ਕਿਸੇ ਨੂੰ ਤਕਲੀਫ਼ ਦੇਣ ਤੋਂ ਗੁਰੇਜ਼ ਕਰਦੇ ਸਨ। ਮੈਂ ਬਚਪਨ ਵਿਚ ਬਹੁਤ ਤੰਗ ਕਰਦੀ ਹੁੰਦੀ ਸਾਂ, ਪੜ੍ਹਨ-ਲਿਖਣ ਵੇਲੇ ਵੀ, ਪਰ ਪਰੇਸ਼ਾਨ ਨਹੀਂ ਸਨ ਹੁੰਦੇ। ਜਦੋਂ ਮੈਂ ਮੈਡੀਕਲ ਕਾਲਜ ਦਾਖਲ ਹੋ ਗਈ, ਮੈਂ ਕੋਈ ਬੱਚਾ ਨਹੀਂ ਸਾਂ, ਤਾਂ ਵੀ ਬਲੱਡ ਪ੍ਰੈਸ਼ਰ ਤੋਂ ਕਿਡਨੀ ਤੱਕ ਦੀ ਵਰਕਿੰਗ ਸਮਝਣ ਲਈ ਪਾਪਾ ਨੂੰ ਡੰਮੀ ਬਣਾ ਲੈਂਦੀ ਸ੍ਹਾਂ। ਕਦੇ ਏਧਰ ਪਾਸਾ ਕਰੋ, ਕਦੇ ਓਧਰ, ਕਦੇ ਬਾਂਹ ਉਤਾਂਹ, ਕਦੇ ਲੰਮੇ ਪੈ ਕੇ ਲੱਤ ਉਤਾਂਹ, ਮੈਂ ਹੁਕਮ ਦੇਈ ਜਾਂਦੀ ਤੇ ਉਹ ਮੰਨੀ ਜਾਂਦੇ। ਜੇ ਜ਼ਿਆਦਾ ਸਮਾਂ ਲੱਗਦਾ ਤੇ ਮੇਰੇ ਹੁਕਮ ਨਾ ਮੁੱਕਦੇ, ਝਿੜਕ ਕਦੇ ਨਹੀਂ ਮਾਰੀ, ਜ਼ਿਆਦਾ ਤੋਂ ਜ਼ਿਆਦਾ ਇਹ ਆਖਦੇ ਸਨ- 'ਬਾਕੀ ਕੱਲ੍ਹ ਕਰਾਂਗੇ ਨਿੱਕੇ...'

ਇਕ ਆਖਰੀ ਗੱਲ...ਮੰਮਾਂ ਦੀ ਗੱਲ ਵਿਚ ਜੋੜਨੀ ਹੈ। ਮੇਰਾ ਖ਼ਿਆਲ ਹੈ, ਉਹ ਐਮਰਜੈਂਸੀ

ਦੌਰਾਨ ਜਾਂ ਉਸ ਤੋਂ ਬਾਅਦ ਕਿਸੇ ਵਿਅਕਤੀਗਤ ਕਾਰਨ ਕਰਕੇ ਗੁੱਸੇ ਵਿਚ ਨਹੀਂ ਸਨ ਆ ਰਹੇ, ਉਹ ਲਹਿਰ ਦੇ ਸਰੋਕਾਰਾਂ ਨਾਲ ਹੋਰ ਗੂੜ੍ਹੀ ਤਰ੍ਹਾਂ ਜੁੜ ਗਏ ਸਨ ਤੇ ਲਹਿਰ ਅੰਦਰ ਸਭ ਅੱਛਾ ਨਹੀਂ ਸੀ। ਗਰੁੱਪ ਪਾਲਿਟਿਕਸ ਬਹੁਤ ਸਤਹੀ ਪੱਧਰ ਦੀ ਸੀ ਤੇ ਕਈ ਵਾਰ ਉਹ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ, ਉਸ ਨਾਲ ਜੁੜੀ ਟੈਨਸ਼ਨ ਸਹੇੜ ਲੈਂਦੇ ਸਨ। ਕਦੇ ਤਾਂ 'ਸਮਤਾ' ਵਿਚ ਲਿਖ ਕੇ ਪ੍ਰਤੀਕਰਮ ਦਿੰਦੇ ਸਨ, ਕਦੇ ਬੋਲ ਕੇ ਖਿਝ ਕੱਢ ਲੈਂਦੇ ਸਨ। ਇਹ ਉਹ ਖਿਝ ਸੀ, ਜਿਹੜੀ ਕਿਸੇ ਵੀ ਸਟੇਜ ਉੱਤੇ ਖੜ੍ਹੇ ਹੋ ਕੇ ਸਾਂਝੀ ਕਰਨੀ ਔਖੀ ਗੱਲ ਸੀ। ਉਨ੍ਹਾਂ ਨਾਟਕ ਹਰ ਕਿਤੇ ਕਰਨਾ ਤੈਅ ਕਰ ਲਿਆ ਸੀ ਤੇ ਇਕ ਗਰੁੱਪ ਦਾ ਦੂਜੇ ਪ੍ਰਤੀ ਰਵੱਈਆ ਏਨੇ ਫ਼ਰਕ ਵਾਲਾ ਹੁੰਦਾ ਸੀ ਕਿ ਅੰਦਾਜ਼ਾ ਹੀ ਲਗਾ ਸਕਦੇ ਹੋ। ਫਿਰ ਹਰ ਕਿਸੇ ਦੀ ਕੋਸ਼ਿਸ਼ ਰਹਿੰਦੀ ਸੀ ਕਿ ਆਪਣਾ ਵਿਚਾਰ ਉਨ੍ਹਾਂ ਦੇ ਧੁਰ ਅੰਦਰ ਧਰ ਦਿਆਂ।

ਇਸ ਤਰ੍ਹਾਂ ਮੁਲਾਕਾਤ ਮੁਕੰਮਲ ਹੋਈ। ਇਸ ਵਿੱਚੋਂ ਅਸੀਂ ਸ. ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ ਦੇ ਕੁਝ ਕੁ ਕੂਲ਼ੇ ਕੋਨੇ ਵੇਖ ਸਕੇ ਹਾਂ ਤੇ ਬਾਕੀਆਂ ਉਤੇ ਝਾਤ ਮਾਰਨ ਲਈ ਪਰਿਵਾਰਕ ਜੀਆਂ ਨਾਲ ਸੰਵਾਦ ਜਾਰੀ ਰੱਖਾਂਗੇ, ਤਾਂਕਿ ਉਨ੍ਹਾਂ ਦੀ ਹਸਤੀ ਨੂੰ ਨਾਟਕ ਦੀ ਦੁਨੀਆਂ ਦੇ ਅੰਦਰ-ਬਾਹਰ ਵਿਚਰਦੀ ਵੇਖ ਕੇ ਸਹੀ ਤਰ੍ਹਾਂ ਪਛਾਣ ਸਕਣ ਵਿਚ ਸਫ਼ਲ ਹੋ ਸਕੀਏ। **ਉਹ ਸਦੀਵੀ ਨੀਂਦ ਸੌਂ ਚੁੱਕੇ ਹਨ, ਜਦਕਿ ਸਵਾਲ ਜਾਗਦਾ ਹੈ ਤੇ ਹਰ ਚਿੰਤਨਸ਼ੀਲ ਤੇ ਇਤਿਹਾਸਕ ਵਰਤਾਰੇ ਦੀ ਸੋਝੀ ਰੱਖਣ ਵਾਲੇ ਦੇ ਮਨ ਮਸਤਕ ਉੱਤੇ ਦਸਤਕ ਦੇ ਰਿਹਾ ਹੈ ਕਿ ਪੰਜਾਬ ਦੀ ਖੱਬੇ-ਪੱਖੀ ਤੇ ਕ੍ਰਾਂਤੀਕਾਰੀ ਲਹਿਰ ਦੇ ਨਾਲ-ਨਾਲ ਤੁਰਦੇ ਕਲਾਕਾਰ ਦੇ ਸਮਾਨਾਂਤਰ ਇਤਿਹਾਸ ਦਾ ਕੇਹਾ ਪ੍ਰਵਾਹ ਵਹਿ ਰਿਹਾ ਸੀ ਕਿ ਇਕ ਕਲਾਕਾਰ ਏਨਾ ਕੱਦਾਵਰ ਹੋ ਕੇ ਸਾਹਮਣੇ ਕਿਵੇਂ ਆ ਗਿਆ ਹੈ ਕਿ...? ਉਹ ਉਸ ਸਮੇਂ, ਜਦੋਂ 'ਕਿ...ਸਭ ਦੇ ਸਾਹਮਣੇ ਖੜ੍ਹਾ...?' ਘੁੰਮਦਾ ਆਈਨਾ ਹੋ ਗਿਆ ਹੈ।**

98148-03773